# All That Shines



Prem Singh. Garhi Studio Delhi. 2009. PHOTOGRAPH BY Amarjit Chandan

An Exhibition of paintings by Prem Singh, Shridharani Gallery, Triveni Kala Sangam, New Delhi. 9 to 19 August 2011

## ਰੰਗਲੀ ਰਾਗਮਾਲ਼ਾ

ਨਿੱਕੇ ਹੁੰਦਿਆਂ ਮੈਨੂੰ ਚਮਕਦੀਆਂ ਚੀਜ਼ਾਂ ਚੰਗੀਆਂ ਲਗਦੀਆਂ ਸਨ। ਜ਼ਰੀ-ਤਿੱਲਾ, ਗੋਟਾ-ਕਿਨਾਰੀ, ਸਲਮੇ-ਸਿਤਾਰੇ ਦੀ ਕਸੀਦਾਕਾਰੀ ਵੇਖ ਕੇ ਮਨ ਖਿੜ ਉੱਠਦਾ ਸੀ। ਸੋਨੇ ਦੇ ਗਹਿਣਿਆਂ ਨਾਲ਼ ਸਜੀ ਨਾਰ ਸੁੰਦਰ ਲਗਦੀ ਸੀ। ਚਮਕਦੇ ਕਾਗ਼ਜ਼ ਨਾਲ਼ ਖੇਡਣ ਨੂੰ ਹਮੇਸ਼ਾ ਚਿਤ ਕਰਦਾ ਸੀ। ਸੋਨੇ ਤੇ ਚਾਂਦੀ ਦੇ ਧੂੜੇ ਨਾਲ਼ ਵੇਲ-ਬੂਟਿਆਂ ਦੀ ਸਜਾਵਟ ਕਰਨੀ ਮਨ ਨੂੰ ਭਾਉਂਦੀ ਸੀ। ਲਿਸ਼ਕਦੇ ਰੰਗਾਂ ਵਾਲ਼ੇ ਮਿੱਟੀ ਦੇ ਖਿਡਾਉਣੇ ਆਮ ਸਨ। ਮੰਦਿਰਾਂ ਗੁਰਦੁਆਰਿਆਂ 'ਤੇ ਲਿਸ਼ਕਦੇ ਕਲਸ਼ਾਂ ਤੇ ਗੁੰਬਦਾਂ ਵਿਚ ਰੱਬੀ ਲੀਲਾ ਦਿਸਦੀ ਸੀ। ਮੇਲੇ-ਤਿਉਹਾਰਾਂ ਤੇ ਰੀਤਾਂ-ਰਵਾਜਾਂ ਦੀ ਚਮਕ ਵੱਖਰੀ ਸੀ। ਪਟਿਆਲ਼ੇ ਦੇ ਮਹਿਲਾਂ ਵਿਚ ਰੰਗਾਂ ਦਾ ਭਰਪੂਰ ਇਸਤੇਮਾਲ ਜਗਮਗਾਉਂਦਾ ਸੀ। ਇਸ ਸਭ ਕੁਝ ਪਿੱਛੇ ਬੰਦੇ ਦੀ ਇੱਕੋ ਹੀ ਭਾਵਨਾ ਸੀ – ਉਹ ਸੀ ਸਜਾਵਟ।

ਮੇਰੀ ਕਲਾ ਪ੍ਰਤੀ ਚੇਤਨਾ ਛੇਤੀ ਜਾਗ ਪਈ ਸੀ। ਮੈਂ ਪੂਰਬ ਤੇ ਪੱਛਮ ਵਿਚ ਦੀਆਂ ਕਲਾ-ਕਿਰਤਾਂ ਨੂੰ ਨੀਝ ਨਾਲ਼ ਵੇਖਿਆ। ਸੋਨੇ ਦਾ ਪਤਰਾ, ਘੋਟ ਤੇ ਧੂੜਾ ਨਿੱਕੇ ਚਿਤਰਾਂ ਵਿਚ ਕਲਾਕਾਰ ਮੁਕਟ ਗਹਿਣੇ, ਵਸਤਰ ਤੇ ਹਾਸ਼ੀਏ ਬਣਾਉਣ ਲਈ ਵਰਤਦੇ ਸੀ। ਇਹ ਕਲਾ ਬਹੁਤੀ ਰਾਜਿਆਂ-ਮਹਾਰਾਜਿਆਂ ਦੀ ਸਰਪ੍ਰਸਤੀ ਅਧੀਨ ਸਿਰਜੀ ਗਈ। ਇਸ ਕਰਕੇ ਇਹ ਕੰਮ ਉਨ੍ਹਾਂ ਦੇ ਸੁਹਜ-ਸੁਆਦ ਲਈ ਵੀ ਕੀਤਾ ਗਿਆ।

ਅਜੋਕੇ ਯੁਗ ਵਿਚ ਵਿਅਕਤੀਗਤ ਸਵਾਧੀਨਤਾ ਦਾ ਅਹਿਸਾਸ ਹੋਇਆ। ਇਸ ਨਵੀਂ ਸੰਵੇਦਨਾ ਤੇ ਨਿਜੀ ਸੁਤੰਤਰਤਾ ਵਿਚ ਸਿਰਜੀ ਕਲਾ ਨੇ ਇਸ ਯੁੱਗ ਨੂੰ ਮੌਲਿਕ ਤੇ ਨਿਵੇਕਲੀ ਪਛਾਣ ਬਖ਼ਸ਼ੀ। ਕਲਾ ਕਲਾਕਾਰ ਲਈ ਸਵੈ-ਪ੍ਰਗਟਾਵੇ ਦਾ ਮਾਧਿਅਮ ਬਣ ਗਈ। ਇਸ ਸੁਤੰਤਰਤਾ ਦਾ ਵਿਰੋਧ ਵੀ ਹੋਇਆ; ਪਰ ਇਹ ਇਸ ਸਿਰਜਣਾਤਮਕ ਪ੍ਰਵਾਹ ਨੂੰ ਰੋਕ ਨਾ ਸਕਿਆ। ਆਧੁਨਿਕ ਕਲਾ ਨੂੰ ਸੁਨਹਿਰੀ ਚੌਖਟਿਆਂ ਚ ਸੁਸਜਿਤ ਕਰਨਾ ਪਰੰਪਰਾ ਦਾ ਪ੍ਰਤੀਕ ਸੀ। ਪਰ ਇਹ ਪ੍ਰਵਿਰਤੀ ਜਲਦੀ ਹੀ ਅਲੋਪ ਹੋ ਗਈ। ਇਧਰ ਭਾਰਤ ਵਿਚ ਮੁਗ਼ਲ, ਰਾਜਪੂਤ ਤੇ ਪਹਾੜੀ ਕਲਮ ਦੇ ਚਿਤਰਾਂ ਵਿਚ ਸੋਨੇ ਦੇ ਵਰਕ ਜਾਂ ਇਹਦੇ ਘੋਟ ਦਾ ਕੰਮ ਯਥਾਰਥਕ ਸੀ।

ਮੇਰੇ ਮਨ ਵਿਚ ਆਇਆ ਕਿ ਕਿਉਂ ਨਾ ਸੋਨੇ, ਚਾਂਦੀ, ਕਾਂਸੀ ਤੇ ਤਾਂਬਈ ਰੰਗਾਂ ਨੂੰ ਸਜਾਵਟ ਤੋਂ ਹਟ ਕੇ ਇਨ੍ਹਾਂ ਵਿਚ ਛੁਪੀਆਂ ਸੰਭਾਵਨਾਵਾਂ ਨੂੰ ਪੜਤਾਲਿਆ ਜਾਵੇ। ਇਹ ਮੇਰਾ ਸੁਭਾਅ ਵੀ ਹੈ। ਮੇਰੀ ਕਲਾ ਦੀ ਪ੍ਰੇਰਣਾ ਪ੍ਰਕ੍ਰਿਤੀ ਤੇ ਇਸ ਵਿਚ ਨਿਤ ਵਜਦੇ ਸੰਗੀਤ ਵਿਚ ਹੈ। ਇਸੇ ਧੁਨ ਨੂੰ ਮਾਣਦਿਆਂ ਮੈਂ ਇਕਸੁਰ ਹੋ ਕੇ ਕੈਨਵਸ ਦੇ ਸਾਹਵੇਂ ਹੁੰਦਾ ਹਾਂ। ਕੈਨਵਸ ਦੇ ਕੋਰੇਪਨ ਤੋਂ ਮੈਨੂੰ ਡਰ ਲਗਦਾ ਹੈ। ਇਸੇ ਡਰ ਨੂੰ ਦੂਰ ਕਰਨ ਲਈ ਮੈਂ ਕੈਨਵਸ 'ਤੇ ਛਾਈ ਸਫ਼ੈਦੀ ਨੂੰ ਕੋਈ ਰੰਗ ਲੈ ਕੇ ਭਰ ਦਿੰਦਾ ਹਾਂ। ਇਕਸੁਰਤਾ ਵਿਚ ਗੁਣਗੁਣਾਉਂਦਿਆਂ ਮੈਂ ਅਪਣੇ ਬੁਰਸ਼ ਦੀਆਂ ਛੋਹਾਂ ਵਿਚ ਛੁਪੀ ਲੈਅ ਨੂੰ ਲੱਭਦਾ ਹਾਂ। ਇਸ ਸੁਰ-ਵਿਸਤਾਰ ਨੂੰ ਸਾਜਣ ਲਈ ਮੈਂ ਚਾਰਕੋਲ ਨਾਲ਼ ਲੀਕਦਾ ਹਾਂ। ਇਸ ਤਰ੍ਹਾਂ ਮੇਰਾ ਕੈਨਵਸ ਸੁਰਾਂ ਦਾ ਜਾਲ਼ ਪ੍ਰਤੀਤ ਹੁੰਦਾ ਹੈ।

ਮੇਰੇ ਨਵੇਂ ਚਿਤਰ ਇਸੇ ਸੁਰਤਾਲ ਵਿਚ ਖੇਡਦੇ ਸੁਨਹਿਰੀ, ਚਾਂਦੀ, ਕਾਂਸੀ, ਤਾਂਬਈ ਤੇ ਮੋਤੀ ਰੰਗ ਦੇ ਹਨ। ਜਿਵੇਂ ਸੂਰਜ ਦੀ ਲੋਅ ਤੇ ਚੰਨ ਚਾਨਣੀ ਵਿਚ ਦਿਨ ਰਾਤ ਦੇ ਬਦਲਦੇ ਪਹਿਰ – ਹਰ ਪਹਿਰ ਨੂੰ ਅਪਣਾ ਰੌਂ, ਰੰਗ ਤੇ ਰਾਗ ਪ੍ਰਦਾਨ ਕਰਦੇ ਹਨ – ਕੁਝ ਇਸ ਤਰਾਂ ਦੇ ਪਲਾਂ ਨੂੰ ਪ੍ਰਗਟਾਉਣ ਦਾ ਅਹਿਸਾਸ ਮੈਨੂੰ ਇਨ੍ਹਾਂ ਰੰਗਾਂ ਦੇ ਅਮਲ ਵਿਚ ਮਿਲ਼ਦਾ ਹੈ। ਲੋਅ ਦੀ ਚਾਲ ਵਿਚ ਮੇਰੇ ਚਿਤਰ ਹਰ ਪਹਿਰ ਬਦਲਦੇ ਵਿਖਾਈ ਪੈਂਦੇ ਹਨ। ਇਨ੍ਹਾਂ ਚਿਤਰਾਂ ਵਿਚ ਪ੍ਰਕ੍ਰਿਤੀ ਵਰਗੀ ਸਜੀਵਤਾ ਹੈ, ਸਵੇਰ-ਸੰਝ ਦੀ ਮੱਧਮ ਲੋਅ ਚ ਪੰਛੀਆਂ ਦਾ ਚਹਿਚਹਾਉਣਾ ਹੈ ਤੇ ਲੋਅ ਦਾ ਪਾਰਗਾਮੀ ਸੰਗੀਤ ਮੇਰੀ ਸਿਰਜਣਾਤਮਕ ਪ੍ਰਕ੍ਰਿਆ ਦੀ ਖੋਜ ਦਾ ਅੰਗ ਹੈ। ਇਕ ਹੋਰ ਪੱਖ ਜੋ ਮੈਨੂੰ ਚੰਗਾ ਲਗਦਾ ਹੈ – ਉਹ ਇਹ ਕਿ ਜਿਵੇਂ ਅਸੀਂ ਗੁਲਬੀਨ ਚ ਛਿਣ-ਛਿਣ ਬਦਲਦੇ ਰੰਗ-ਬਰੰਗੇ ਰੂਪ ਵੇਖਦੇ ਹਾਂ; ਕੁਝ ਇਸੇ ਤਰ੍ਹਾਂ ਸਮੇਂ ਤੇ ਸਥਾਨ ਬਦਲਣ ਨਾਲ਼

ਚਿਤਰਾਂ ਵਿਚ ਵੀ ਬਦਲਦੇ ਰੰਗ ਤੇ ਰੂਪ ਵਿਖਾਈ ਪੈਂਦੇ ਹਨ। ਇਨ੍ਹਾਂ ਚਿਤਰਾਂ ਵਿਚ ਚਾਨਣ ਖੇਡਦਾ ਹੈ। ਇਸੇ ਖੇਡ ਨਾ਼ਲ ਬਦਲਦੇ ਸੁਰ, ਭਾਹ ਤੇ ਰੰਗਤ ਅਪਣੀ ਰਾਗਮਾ਼ਲਾ ਰਚਦੀ ਹੈ। ਇਸ ਚਮਕਦੀ ਰਾਗਮਾ਼ਲਾ ਵਿਚ ਮੈਨੂੰ ਅਪਣੇ ਨਿੱਕੇਪਣ ਦਾ ਅਨੁਭਵ ਹੁੰਦਾ ਹੈ ਤੇ ਵੱਡੇ ਹੋਣ ਦਾ ਅਹਿਸਾਸ ਵੀ।

– ਪ੍ਰੇਮ ਸਿੰਘ

Right from my childhood the shining and sparkling things around fascinated me. Embroidery done in *zari, tilla, gotta-kinnãri, salma-sitãré* added joy to the soul. A woman laden with jewellery held a special charm to me. Playing with the golden and silver sheets of paper was a pleasure. Decorating the walls with the painting of flowers and leaves in gold and silver was a passion for me. The use of such metallic colours on clay toys was a common phenomenon. The spirit of our fairs, festivals, customs and ceremonies glow through this. Shining *gumbads* and *kalash* of gurdwaras and mandirs reminded me of the divinely powers. Palaces embellished with gold and silver denuded royal charm and grandeur. In all such manifestations the only purpose that we see is that of decoration.

Art awakened in me at an early age. This inspired me to have a closer look on the works of art created in the East and the West over the centuries. Gold leafs or its *ghot* were used by Indian artists for painting of *mukats,* ornaments, garments, borders etc. in the art of miniature painting. Most of this art was produced under the patronage of Rajas and Maharajas so due consideration was accorded to their taste and liking.


The advent of modern era brought with it a new thinking which led to individual freedom. This newly acquired autonomy culminated into a new sensibility and gave the modern period a distinct identity. Though this autonomy was opposed by the then conventional thinking yet it could not stop the surge of creativity. The works of modern art though seen in ornamental frames in earlier times did reflect on the traditional mentality but it soon disappeared. Here in India the use of gold and silver in our Mughal, Rajput and Pahari *kalam* was very realistic.

All this made me think about the use of gold, silver, copper and bronze beyond its conventional use and explore the tremendous possibilities hidden in these colours. This was also a part of my nature and also in my desire. Moreover the inspiration of my art lies in nature and its eternal music. While enjoying this eternal music I approach my canvas to sing my song on it. The whiteness of the canvas is scary to me. To ward off the scariness I fill up the canvas with just one colour. That colour could be any. In the process I discover in the web of my brush strokes a new rhythm lying beneath them. In such a vast array of strokes I record or register or compose by outlining them with charcoal. Soon my canvas wears a web of different tunes and tones.

In my new canvases the viewer would find the play of colours - gold, silver, copper, bronze and pearl - in as varied a manner as possible. Like the shine of the sun and the moonlit change the day and night into a spectrum of different emotions and feelings thus evoking a special mood, colour and music to each one of them. I try to evoke the same through the shine and sparkle of my colours. An organic feel of the silent activity of nature, intensive chirping of the birds in the low light of morning and evening, the transcendental music of light – all this and much more is an integral part of my creative quest. Light plays in my painting. And in this play the changing tones, textures, hues and shades create a Rãgmala of its own. And in the shine and sparkle of the Rãgmala, I not only experience my childhood but also the realisation of my own growth.

August 2011 *Prem Singh*

FURTHER LINKS:
Prem Singh
E: prem.p43@gmail.com
www.canvasview.com
[www.indianartcollectors.com](http://www.indianartcollectors.com)



Red that Once Sparkled. Oil on Canvas. 12”x12”. 2010



Presence of the Red. Oil on Canvas. 12"x12". 2010